BRAMPTON Service and Information Update

# ਡਾਊਨਟਾਊਨ ਬ੍ਰੈਂਪਟਨ ਵਿੱਚ ਤਬਦੀਲੀ ਹੋਣ ਜਾ ਰਹੀ ਹੈ

ਬ੍ਰੈਂਪਟਨ, ਓਨਟੈਰੀਓ (20 ਅਪ੍ਰੈਲ, 2022) – ਇਸ ਹਫਤੇ, ਰੀਜਨ ਆਫ ਪੀਲ (Region of Peel) ਦੇ ਵੱਲੋਂ ਉਸਾਰੀ ਦਾ ਪਹਿਲਾ ਫੇਜ ਸ਼ੁਰੂ ਕਰਦੇ ਹੋਏ, ਡਾਉਨਟਾਉਨ ਬ੍ਰੈਂਪਟਨ (Downtown Brampton) ਵਿੱਚ ਤਬਦੀਲੀ ਹੋਣ ਜਾ ਰਹੀ ਹੈ। ਖੇਤਰ ਵਿੱਚ ਵਾਟਰਮੇਨ ਅਤੇ ਸੈਨੀਟਰੀ ਸੀਵਰਾਂ ਨੂੰ ਬਦਲਿਆ ਜਾ ਰਿਹਾ ਹੈ।

ਉਸਾਰੀ ਦੀ ਸਟੇਜ 1 ਦੇ ਦੌਰਾਨ, ਰੀਜਨ ਦਾ ਕਾਂਟਰੈਕਟਰ, ਕਵੀਨ ਸਟ੍ਰੀਟ ਈਸਟ (Queen Street East) ਦੀਆਂ ਦੋ ਵਿਚਲੀਆਂ ਲੇਨਾਂ ਤੇ ਕੰਮ ਕਰੇਗਾ ਅਤੇ ਕਵੀਨ ਸਟ੍ਰੀਟ (Queen Street) ਨੂੰ ਘਟਾ ਕੇ ਹਰੇਕ ਦਿਸ਼ਾ ਵਿੱਚ ਇੱਕ ਲੇਨ ਤੱਕ ਕੀਤਾ ਜਾਵੇਗਾ, ਜੋ ਲਗਭਗ ਮੇਨ ਸਟ੍ਰੀਟ (Main Street) ਤੋਂ, ਚੈਪਲ ਸਟ੍ਰੀਟ (Chapel Street) ਦੇ ਗੋ ਟ੍ਰੈਕਸ (GO Tracks) ਈਸਟ ਤੱਕ ਜਾਵੇਗੀ। ਇਸ ਟ੍ਰੈਫਿਕ ਕੰਟ੍ਰੋਲ ਸੈੱਟਅਪ ਨੂੰ, ਅੰਡਰਗ੍ਰਾਊਂਡ ਇੰਫਰਾਸਟ੍ਰਕਚਰ ਅਤੇ ਸਤ੍ਹਾ ਦੇ ਕੰਮ ਦੀ ਉਸਾਰੀ ਲਈ ਸੰਸ਼ੋਧਿਤ ਕੀਤਾ ਜਾਵੇਗਾ। ਹਾਲਾਂਕਿ, ਟ੍ਰੈਫਿਕ ਦੀ ਇੱਕ ਲੇਨ ਨੂੰ ਹਰ ਵੇਲੇ, ਕਵੀਨ ਸਟ੍ਰੀਟ ਤੇ ਬਣਾਏ ਰੱਖਿਆ ਜਾਵੇਗਾ।

ਕਵੀਨ ਸਟ੍ਰੀਟ ਦੇ ਜਿਸ ਖੇਤਰ ਵਿੱਚ ਉਸਾਰੀ ਹੋ ਰਹੀ ਹੋਵੇਗੀ, ਉੱਥੇ ਔਨ-ਸਟ੍ਰੀਟ ਪਾਰਕਿੰਗ ਉਪਲਬਧ ਨਹੀਂ ਹੋਵੇਗੀ। ਮੁਫਤ ਪਾਰਕਿੰਗ, ਮਿਉਨਿਸਿਪਲ ਪਾਰਕਿੰਗ ਗੈਰਾਜਾਂ (municipal parking garages): ਨੈਲਸਨ ਸਕਵੇਅਰ (Nelson Square), ਮਾਰਕੀਟ ਸਕਵੇਅਰ (Market Square), ਵੈਸਟ ਟਾਵਰ (West Tower), ਸਿਟੀ ਹਾਲ (City Hall) ਅਤੇ ਜੌਨ ਸਟ੍ਰੀਟ (John Street) ਵਿੱਚ ਉਪਲਬਧ ਹੋਵੇਗੀ।

ਰੀਜਨ ਇਹ ਯਕੀਨੀ ਬਣਾਵੇਗਾ ਕਿ ਕਾਰੋਬਾਰੀਆਂ ਦੀ, ਬਿਲਡਿੰਗਾਂ ਦੇ ਪਿੱਛੇ ਲੇਨ ਵਾਲੇ ਰਸਤਿਆਂ ਰਾਹੀਂ ਡਿਲੀਵਰੀ ਲਈ ਪਹੁੰਚ ਹੋਵੇ। ਇਸ ਪਹਿਲੀ ਸਟੇਜ ਵਿੱਚ, ਕਾਰੋਬਾਰਾਂ ਲਈ ਡਿਲੀਵਰੀਜ ਅਤੇ ਲੋਡਿੰਗ ਜਾਂ ਅਨਲੋਡਿੰਗ ਨੂੰ ਅਸਾਨ ਬਣਾਉਣ ਵਾਸਤੇ, ਹਾਰਮਸਵਰਥ ਲੇਨ (Harmsworth Lane) ਅਤੇ ਗਾਰਡਨ ਸਕਵੇਅਰ ਲੇਨ (Garden Square Lane) ਦੀ ਵਰਤੋਂ ਕੀਤੀ ਜਾ ਸਕਦੀ ਹੈ। ਸਿਟੀ, ਜੌਨ ਸਟ੍ਰੀਟ ਅਤੇ ਕਵੀਨ ਸਟ੍ਰੀਟ ਦੇ ਵਿਚਕਾਰ ਮੇਨ ਸਟ੍ਰੀਟ ਸਾਊਥ (Main Street South) ਤੇ, ਇੱਕ ਲੋਡਿੰਗ/ਅਨਲੋਡਿੰਗ ਜ਼ੋਨ ਸਮਰਪਿਤ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ, ਜੋ ਰੈਸਟੋਰੈਂਟਾਂ ਅਤੇ ਫੂਡ ਕਾਰੋਬਾਰਾਂ ਲਈ ਪਿਕਅੱਪਸ ਵਿੱਚ ਸਹਾਇਤਾ ਕਰੇਗਾ।

ਪੈਦਲ ਯਾਤਰੀਆਂ ਦੀ ਪਹੁੰਚ ਨੂੰ, ਸਾਰੇ ਕਾਰੋਬਾਰਾਂ ਤੱਕ ਬਣਾਏ ਰੱਖਿਆ ਜਾਵੇਗਾ ਅਤੇ ਸਾਈਡਵਾਕਸ ਖੁੱਲੀਆਂ ਰਹਿਣਗੀਆਂ। ਬੁਲੇਵਾਰਡਸ ਦੇ ਅੰਦਰ ਥੋੜ੍ਹਾ, ਛੋਟੀ-ਮਿਆਦ ਦਾ ਕੰਮ ਹੋਵੇਗਾ, ਇਸਦੇ ਬਾਅਦ ਕਰਬਸ ਅਤੇ ਸਾਈਡਵਾਕਸ ਦੀ ਪੂਰੀ ਰਿਪਲੇਸਮੈਂਟ ਹੋਵੇਗੀ, ਉਸ ਸਮੇਂ ਪੈਦਲ ਯਾਤਰੀਆਂ ਨੂੰ ਸਟ੍ਰੀਟ ਦੇ ਦੂਜੇ ਪਾਸੇ ਦਾ ਰਸਤਾ ਦਿੱਤਾ ਜਾਵੇਗਾ।

ਸਮਾਂ ਸੀਮਾਵਾਂ ਸਮੇਤ, ਉਸਾਰੀ ਬਾਰੇ ਹੋਰ ਵੇਰਵਿਆਂ ਲਈ, ਰੀਜਨ ਆਫ ਪੀਲ ਦੀ ਵੈਬਸਾਈਟ (Region of Peel's website) ਤੇ ਜਾਓ।

**ਸਪੋਰਟ ਲੋਕਲ**

ਕੋਵਿਡ-19 (COVID-19) ਮਹਾਂਮਾਰੀ ਨੇ ਬ੍ਰੈਂਪਟਨ ਦੀ ਡਾਊਨਟਾਊਨ ਬਿਜਨੇਸ ਕਮਿਊਨਿਟੀ ਤੇ ਬਹੁਤ ਵੱਡਾ ਅਸਰ ਪਾਇਆ ਹੈ ਅਤੇ ਸਿਟੀ, ਰੁਕਾਵਟਾਂ ਨੂੰ ਘਟਾਉਣ ਅਤੇ ਉਹਨਾਂ ਦੀ ਆਰਥਿਕ ਬਹਾਲੀ ਵਿੱਚ ਉਹਨਾਂ ਦੀ ਹਿਮਾਇਤ ਕਰਨ ਲਈ ਵਚਨਬੱਧ ਹੈ। ਨਾਲ ਹੀ ਇਹ ਲਗਾਤਾਰ, ਪਬਲਿਕ ਥਾਵਾਂ ਦਾ ਵਿਸਤਾਰ ਕਰਨ ਲਈ ਮਹੱਤਵਪੂਰਣ ਇੰਫਰਾਸਟ੍ਰਕਚਰ ਸੁਧਾਰਾਂ ਵਿੱਚ ਨਿਵੇਸ਼ ਕਰ ਰਹੀ ਹੈ।

ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਸਮੇਂ ਦੇ ਦੌਰਾਨ, ਡਾਉਨਟਾਉਨ ਦੀਆਂ ਦੁਕਾਨਾਂ ਤੇ ਜਾਣਾ ਜਾਰੀ ਰੱਖਣ। ਤੁਸੀਂ ਬ੍ਰੈਂਪਟਨ ਦੇ ਛੋਟੇ ਕਾਰੋਬਾਰੀਆਂ ਦੀ ਪੂਰੀ ਸੂਚੀ, ਸਪੋਰਟ ਲੋਕਲ ਬ੍ਰੈਂਪਟਨ ਦੀ ਵੈਬਸਾਈਟ (Support Local Brampton website) ਤੇ ਪ੍ਰਾਪਤ ਕਰ ਸਕਦੇ ਹੋ।

ਕਿਉਂਕਿ ਉਸਾਰੀ ਦਾ ਕੰਮ ਜਾਰੀ ਹੈ, ਇਸਲਈ ਆਪਣੀਆਂ ਮਨਪਸੰਦ ਦੁਕਾਨਾਂ ਤੇ ਜਾਣ ਲਈ ਉਪਲਬਧ ਪਾਰਕਿੰਗ ਵਿਕਲਪਾਂ ਦੀ ਪੂਰੀ ਸੂਚੀ ਲਈ, www.brampton.ca ਤੇ ਜਾਓ।

**ਡਾਉਨਟਾਉਨ ਬ੍ਰੈਂਪਟਨ ਪ੍ਰੋਜੈਕਟਸ ਸੈਂਟਰ**

ਡਾਉਨਟਾਉਨ ਬ੍ਰੈਂਪਟਨ ਪ੍ਰੋਜੈਕਟਸ ਸੈਂਟਰ (ਡੀ.ਬੀ.ਪੀ.ਸੀ.) (Downtown Brampton Projects Centre (DBPC) ਖੁੱਲ੍ਹਾ ਹੈ। ਸਿਟੀ ਦਾ ਸਟਾਫ਼, ਡਾਉਨਟਾਉਨ ਦੇ ਕਾਰੋਬਾਰੀਆਂ ਅਤੇ ਨਿਵਾਸੀਆਂ ਦੀ ਸਹਾਇਤਾ ਕਰਨ ਅਤੇ ਡਾਉਨਟਾਉਨ ਨੂੰ ਮੁੜ ਸ਼ਕਤੀਸ਼ਾਲੀ ਬਣਾਉਣ ਵਾਸਤੇ ਪ੍ਰੋਗਰਾਮ ਅਤੇ ਪਹਿਲਕਦਮੀਆਂ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਤਿਆਰ ਹੈ। ਉਸਾਰੀ ਦੇ ਦੌਰਾਨ, ਪੀਲ ਰੀਜਨ (Peel Region) ਦਾ ਸਟਾਫ਼ ਵੀ ਉਪਲਬਧ ਰਹੇਗਾ।

ਡੀ.ਬੀ.ਪੀ.ਸੀ. ਬਾਰੇ ਹੋਰ ਜਾਣਕਾਰੀ, www.brampton.ca/downtownbrampton ਤੇ ਪ੍ਰਾਪਤ ਕਰੋ।

**ਇੰਟੀਗ੍ਰੇਟਿਡ ਡਾਉਨਟਾਉਨ ਪਲਾਨ ਬਾਰੇ**

ਇਹ ਵਿਸਤਾਰ, ਸਿਟੀ ਦੇ ਇੰਟੀਗ੍ਰੇਟਿਡ ਡਾਉਨਟਾਉਨ ਪਲਾਨ (ਆਈ.ਡੀ.ਪੀ.) (Integrated Downtown Plan) (IDP) ਨੂੰ ਅੱਗੇ ਵਧਾਉਣ ਦਾ ਮਹੱਤਵਪੂਰਣ ਹਿੱਸਾ ਹਨ। ਇਹ ਪਲਾਨ, ਡਾਉਨਟਾਉਨ ਬ੍ਰੈਂਪਟਨ ਦੀਆਂ ਕਈ ਜਾਰੀ ਪਹਿਲਕਦਮੀਆਂ ਅਤੇ ਇੰਫਰਾਸਟ੍ਰਕਚਰ ਪ੍ਰੋਜੈਕਟਾਂ ਦੇ ਨਾਲ ਕੋਆਰਡੀਨੇਟ ਕਰਦੇ ਹੋਏ, ਕੰਮ ਕਰਨ ਲਈ ਇੱਕ ਰੋਡਮੈਪ ਹੈ। ਸੰਭਾਵਨਾ ਹੈ ਕਿ ਇਹ, ਭਵਿੱਖ ਦੇ ਵਾਧੇ ਅਤੇ ਕਾਰਜਨੀਤੀ ਸਬੰਧੀ ਨਿਵੇਸ਼ ਵਿੱਚ ਮਾਰਗਦਰਸ਼ਨ ਕਰੇਗਾ।

ਆਈ.ਡੀ.ਪੀ. (IDP) ਦੇ ਮਾਰਗ ਦਰਸ਼ਨ ਵਾਲੇ ਸਿਧਾਂਤ, ਸ਼ਮੂਲੀਅਤ, ਇਨੋਵੇਸ਼ਨ ਅਤੇ ਸਥਿਰਤਾ ਹਨ। ਇਹ ਬ੍ਰੈਂਪਟਨ ਨੂੰ ਮਹੱਤਵਪੂਰਣ ਆਰਥਿਕ ਸੰਚਾਲਕ, ਰੀਜਨਲ ਸੱਭਿਆਚਾਰਕ ਹਬ ਅਤੇ ਇਨੋਵੇਸ਼ਨ ਡਿਸਟ੍ਰਿਕਟ (Innovation District) ਦੀ ਸਥਿਤੀ ਵਿੱਚ ਲਿਆਉਂਦੇ ਹੋਏ - ਇੰਫਰਾਸਟ੍ਰਕਚਰ ਅੱਪਗ੍ਰੇਡਸ, ਸ਼ਹਿਰੀ ਡਿਜ਼ਾਈਨ, ਜ਼ਮੀਨ ਦੀ ਵਰਤੋਂ ਅਤੇ ਪ੍ਰੋਗਰਾਮਿੰਗ ਦਖਲਾਂ ਨੂੰ ਕੋਆਰਡੀਨੇਟ ਕਰਨ ਵਿੱਚ ਮਦਦ ਕਰੇਗਾ।

ਆਈ.ਡੀ.ਪੀ. ਬਾਰੇ ਹੋਰ ਜਾਣਕਾਰੀ ਲਈ, www.brampton.ca/IDP ਤੇ ਜਾਓ।

ਡਾਉਨਟਾਉਨ ਬ੍ਰੈਂਪਟਨ ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca